THE PUNJAB STATE BOARD OF TECHNICAL
EDUCATION AND INDUSTRIAL TRAINING
Plot No. 1-A, Sec. 36-A, Chandigarh Ph : 0172-2615385 Fax: 2664333 e-mail: ceitipb@gmail.com

No.PSBTE/ITI/2020/ 747 Urgent Date: 6.08.2020

ਵੱਲ,

ਪ੍ਰਿੰਸੀਪਲ,
ਸਮੂਹ ਆਈ.ਟੀ.ਆਈ./ਆਈ.ਟੀ.ਸੀ.(ਇ), ਪ੍ਰਾਈਵੇਟ ਆਈ.ਟੀ.ਸੀ.,
ਟੀਚਰ ਟ੍ਰੇਨਿੰਗ ਅਤੇ ਆਰਟ ਐਂਡ ਕਰਾਫਟ ਸੰਸਥਾਵਾਂ, ਪੰਜਾਬ ਰਾਜ ਅਧੀਨ।

**ਵਿਸ਼ਾ: - ਸੈਸ਼ਨ ਅਗਸਤ 2019-20 ਦੌਰਾਨ ਐਸ.ਸੀ.ਵੀ.ਟੀ. ਸਕੀਮ ਅਧੀਨ ਦਾਖਲ ਹੋਏ ਸਿਖਿਆਰਥੀਆਂ ਦੀ ਰਜਿਸਟ੍ਰੇਸ਼ਨ ਅਤੇ ਸੰਸਥਾਵਾਂ ਵਿਖੇ ਦਾਖਲ ਸਿਖਿਆਰਥੀਆਂ ਦੀ ਰਜਿਸਟ੍ਰੇਸ਼ਨ ਫੀਸ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ SCVT ਸਕੀਮ ਅਧੀਨ ਸੈਸ਼ਨ ਅਗਸਤ 2019 ਵਿੱਚ ਦਾਖਲ ਹੋਏ ਸਿਖਿਆਰਥੀਆਂ ਦੀਆਂ ਰਜਿਸਟ੍ਰੇਸ਼ਨ ਲਿਸਟਾਂ ਬੋਰਡ ਵੈਬਸਾਈਟ ਤੇ ਅਪਲੋਡ ਕੀਤੀਆਂ ਜਾਂਦੀਆਂ ਹਨ। ਸਮੂਹ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀ ਸੰਸਥਾ ਨਾਲ ਸਬੰਧਤ ਸਿਖਿਆਰਥੀਆਂ ਦੀਆਂ ਰਜਿਸਟ੍ਰੇਸ਼ਨ ਲਿਸਟਾਂ ਚੈਕ ਕਰ ਲਈਆਂ ਜਾਣ ਅਤੇ ਜੇਕਰ ਕਿਸੇ ਸੰਸਥਾ ਦੀ ਰਜਿਸਟ੍ਰੇਸ਼ਨ ਲਿਸਟਾਂ ਵਿਚ ਕੋਈ ਖਾਮੀ/ ਅਧੂਰੀ ਜਾਣਕਾਰੀ/ਕੋਈ ਗਲਤੀ ਹੈ ਤਾਂ ਉਸ ਸਬੰਧੀ ਸਮੁੱਚੇ ਰਿਕਾਰਡ ਸਮੇਤ ਜਾਣਕਾਰੀ ਇਸ ਦਫਤਰ ਦੀ ਈ.ਮੇਲ sectionofficeriti@gmail.com ਤੇ ਮਿਤੀ:11-08-2020 ਤੱਕ ਹਰ ਹਾਲਤ ਵਿਚ ਭੇਜੀ ਜਾਵੇ ਤਾਂ ਜੋ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਇਥੇ ਇਹ ਵੀ ਵਰਨਣਯੋਗ ਹੈ ਕਿ ਉਕਤ ਦਰਸਾਈ ਮਿਤੀ: ਤਕ ਜੇਕਰ ਕਿਸੇ ਸੰਸਥਾ ਵਲੋਂ ਇਸ ਸਬੰਧੀ ਕੋਈ ਸੂਚਨਾਂ ਪ੍ਰਾਪਤ ਨਹੀਂ ਹੁੰਦੀ ਤਾਂ ਇਹ ਸਮਝ ਲਿਆ ਜਾਵੇਗਾ ਕਿ ਸਬੰਧਤ ਸੰਸਥਾ ਦੇ ਰਜਿਸਟ੍ਰੇਸ਼ਨ ਡਾਟਾ ਵਿਚ ਕੋਈ ਖਾਮੀ ਨਹੀਂ ਹੈ। ਮਾਮਲੇ ਸਬੰਧੀ ਦੇਰੀ ਦੀ ਨਿਰੋਲ ਜਿੰਮੇਵਾਰੀ ਆਪ ਦੀ ਸੰਸਥਾ ਦੀ ਨਿੱਜੀ ਹੋਵੇਗੀ।

2. ਸਮੂਹ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ ਅਗਸਤ 2019 ਦੌਰਾਨ ਦਾਖਲ ਹੋਏ CTS ਸਕੀਮ ਅਧੀਨ ਚੱਲ ਰਹੀਆਂ ਟ੍ਰੇਡਾਂ, ਆਰਟ ਐਂਡ ਕਰਾਫਟ, ਟੀਚਰ ਟ੍ਰੇਨਿੰਗ ਅਤੇ ਛੇ ਮਹੀਨੇ ਦੇ ਕੋਰਸਾਂ ਦੇ ਸਿਖਿਆਰਥੀਆਂ ਦੀ ਰਜਿਸਟ੍ਰੇਸ਼ਨ ਫੀਸ ਅਤੇ ਰਜਿਸਟ੍ਰੇਸ਼ਨ ਫਾਰਮ ਦੀ ਨਿਰਧਾਰਤ ਫੀਸ 100- + 50/- =ਕੁੱਲ 150/- ਰੁਪਏ (ਪ੍ਰਤੀ ਸਿਖਿਆਰਥੀ) ਆਪਣੇ ਪੱਧਰ ਤੇ ਇੱਕਠੀ ਕਰ ਲਈ ਜਾਵੇ ਤਾਂ ਜੋ ਇਸ ਫੀਸ ਨੂੰ ਬੋਰਡ ਦਫਤਰ ਤੋਂ ਪ੍ਰਾਪਤ ਹੋਣ ਵਾਲੀਆਂ ਹਦਾਇਤਾਂ ਅਨੁਸਾਰ ਬੋਰਡ ਖਾਤੇ ਵਿਚ ਜਮ੍ਹਾਂ ਕਰਵਾਇਆ ਜਾ ਸਕੇ।

6/8/20
ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)
ਵਾ:ਸਕੱਤਰ

Endst. No.PSBTE/ITI/2020/ Date:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ ਰਿਕਾਰਡ ਹਿਤ ਭੇਜਿਆ ਜਾਂਦਾ ਹੈ: -

1. ਡਾਇਰੈਕਟਰ, ਤਕਨੀਕੀਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਨੂੰ ਉਹਨਾਂ ਦੇ ਜਾਰੀ ਹੋਏ ਪੱਤਰ ਮੀਮੋ ਨੰ:ਆਈਟੀ/ਟ੍ਰੇ/ਦਾਖਲਾ 2019/27088 ਮਿਤੀ:20-2-2020
2. ਪੀ.ਏ. ਟੂ ਸਕੱਤਰ, ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ।
3. ਸੂਚਨਾਂ ਸਹਾਇਕਾਂ, ਤਕਨੀਕੀ ਸਿੱਖਿਆ ਬੋਰਡ ਦਫਤਰ (ਜਿਲ੍ਹਿਆਂ ਦਾ ਕਾਰਜ ਕਰਨ ਵਾਲੇ),ਨੂੰ ਤਾਂ ਜੋ ਪ੍ਰਾਪਤ ਹੋਣ ਵਾਲੀ ਜਾਣਕਾਰੀ ਨੂੰ ਕੰਪਿਊਟਰ ਸ਼ਾਖਾ ਦੇ ਧਿਆਨ ਵਿਚ ਲਿਆਕੇ ਅਪਡੇਟ ਕਰਾਉਣਾ ਯਕੀਨੀ ਬਨਾਉਣ ਹਿਤ।

-Sd